864826

CE\PRBDB has seen 28/6/2024

**ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ**
**(ਇਮਾਰਤਾਂ ਤੇ ਸੜਕਾਂ-1 ਸ਼ਾਖਾ)**

**ਹੁਕਮ**

S/R ASR- S.H.G.PUR, Tapiana Sahib, Dera baba jami jamil Singh Ghuman, MC Shri Hargobindpur, Phase-2, Distt-Gurdaspur ਦੇ ਕੰਮ ਸਬੰਧੀ ਮੁੱਖ ਇੰਜੀਨੀਅਰ (ਕੁਆਲਿਟੀ ਅਸੋਰੈਂਸ) ਦੀ ਟੀਮ ਵੱਲੋ ਚੈਕਿੰਗ ਕਰਦੇ ਹੋਏ ਪੱਤਰ ਮਿਤੀ 20-7-2022 ਰਾਹੀਂ ਰਿਪੋਰਟ ਕੀਤੀ ਗਈ ਕਿ ਲੁੱਕ ਦੀ ਮਾਤਰਾ 4.23+-0.30% ਦੇ ਵਿਰੁੱਧ ਔਸਤਨ 3.507% ਹਾਸਲ ਹੋਈ ਹੈ ਜੋ ਕਿ ਕੁੱਲ ਮਾਤਰਾ ਦਾ 10.76% ਘੱਟ ਹੈ ਜਿਸ ਕਾਰਨ ਸਰਕਾਰ ਨੂੰ 86,597/-ਰੁਪਏ ਦਾ ਵਿੱਤੀ ਨੁਕਸਾਨ ਹੋਇਆ ਹੈ। ਇਸ ਸਬੰਧ ਵਿੱਚ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਾਲੀ, 1970 ਦੇ ਰੂਲ-10 ਅਧੀਨ ਸ੍ਰੀ ਹਰਜੋਤ ਸਿੰਘ, ਕਾਰਜਕਾਰੀ ਇੰਜੀਨੀਅਰ ਨੂੰ ਪੱਤਰ ਨੰ:10/103/2022-ਇਸ1(3)/3336, ਮਿਤੀ 08.12.2022, ਸ੍ਰੀ ਅਮਰਜੀਤ ਸਿੰਘ, ਉਪ ਮੰਡਲ ਇੰਜੀਨੀਅਰ (ਹੁਣ ਰਿਟਾ.) ਨੂੰ ਪੱਤਰ ਨੰ:10/103/2022-ਇਸ1(3)/3338, ਮਿਤੀ 08.12.2022, ਸ੍ਰੀ ਗੁਰਦੇਵ ਸਿੰਘ, ਉਪ ਮੰਡਲ ਇੰਜੀਨੀਅਰ (ਹੁਣ ਰਿਟਾ.) ਨੂੰ ਪੱਤਰ ਨੰ:10/103/2022-ਇਸ1(3)/3340, ਮਿਤੀ 08.12.2022, ਸ੍ਰੀ ਕੰਵਲਜੀਤ ਸਿੰਘ, ਜੂਨੀਅਰ ਇੰਜੀਨੀਅਰ (ਸਾਈਟ) ਨੂੰ ਪੱਤਰ ਨੰ:10/103/2022-ਇਸ1(3)/3344, ਮਿਤੀ 08.12.2022 ਅਤੇ ਸ੍ਰੀ ਕੰਵਲਜਿੰਦਰ ਸਿੰਘ, ਜੂਨੀਅਰ ਇੰਜੀਨੀਅਰ (ਪਲਾਂਟ) ਨੂੰ ਪੱਤਰ ਨੰ:10/103/2022-ਇਸ1(3)/3342, ਮਿਤੀ 08.12.2022 ਰਾਹੀ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

EE/I
DD(IT) for uploading on PWD website
Sup. Analyst

2. ਜਦਕਿ ਚਾਰਜਡ ਅਧਿਕਾਰੀਆਂ/ਕਰਮਚਾਰੀਆਂ ਨੇ ਦੋਸ਼ ਸੂਚੀਆਂ ਦੇ ਜਵਾਬ ਮਿਤੀ 17.02.2023 ਵਿੱਚ ਲਿਖਿਆ ਹੈ ਕਿ ਇਹ ਸੜਕ ਇੱਕ ਸੰਘਣੀ ਅਬਾਦੀ ਵਾਲੇ ਕਸਬੇ ਵਿੱਚ ਹੈ ਅਤੇ ਇੱਥੇ ਭਾਰੀ ਟ੍ਰੈਫਿਕ ਰਹਿੰਦਾ ਹੈ। ਉਨ੍ਹਾਂ ਵਲੋਂ ਇਹ ਵੀ ਦੱਸਿਆ ਕਿ ਪੀ.ਸੀ. ਦਾ ਕੰਮ ਮੁਕੰਮਲ ਹੋਣ ਤੋਂ ਕੁੱਝ ਦੇਰ ਬਾਅਦ ਹੀ ਬਰਸਾਤਾਂ ਪੈਣ ਕਾਰਨ ਸੜਕ ਦੇ ਸਰਫੇਸ ਵਿੱਚ ਮਿੱਟੀ ਦਾ ਗੁਬਾਰ ਰਚ ਗਿਆ ਸੀ ਅਤੇ ਇਸ ਕੰਮ ਵਿੱਚ ਉਨ੍ਹਾਂ ਵਲੋਂ ਕੋਈ ਅਣਗਹਿਲੀ ਨਹੀਂ ਵਰਤੀ ਗਈ। ਪੜ੍ਹਤਾਲ ਦੌਰਾਨ ਜੋ ਡਿਫੈਕਟ ਧਿਆਨ ਵਿੱਚ ਆਏ, ਐਗਰੀਮੈਂਟ ਅਨੁਸਾਰ ਏਜੰਸੀ ਦੇ ਖਰਚੇ ਤੇ ਹੀ ਠੀਕ ਕਰਵਾ ਦਿੱਤੇ ਗਏ ਹਨ। ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ ਪਠਾਨਕੋਟ ਵਲੋਂ ਪੱਤਰ ਮਿਤੀ 23-11-2022 ਰਾਹੀਂ ਭੇਜੀ ਗਈ ਰਿਪੋਰਟ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਕੁਆਲਟੀ ਕੰਟਰੋਲ ਦੀ ਚੈਕਿੰਗ ਰਿਪੋਰਟ ਵਿੱਚ ਦਰਸਾਈਆਂ ਊਣਤਾਈਆਂ ਨੂੰ ਦੂਰ ਕਰ ਦਿੱਤਾ ਗਿਆ ਹੈ ਅਤੇ ਵਿੱਤੀ ਨੁਕਸਾਨ ਦੀ ਭਰਪਾਈ ਸਬੰਧਤ ਠੇਕੇਦਾਰ ਤੋਂ ਕਰ ਲਈ ਗਈ ਹੈ।

3. ਜਦਕਿ ਸ੍ਰੀ ਅਮਰਜੀਤ ਸਿੰਘ, ਉਪ ਮੰਡਲ ਇੰਜੀਨੀਅਰ (ਰਿਟਾ.) ਅਤੇ ਸ੍ਰੀ ਗੁਰਦੇਵ ਸਿੰਘ, ਉਪ ਮੰਡਲ ਇੰਜੀਨੀਅਰ (ਰਿਟਾ.) ਰਿਟਾਇਰ ਹੋ ਚੁੱਕੇ ਹਨ, ਇਸ ਲਈ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ

ਅਪੀਲ) ਨਿਯਮਾਂਵਾਲੀ, 1970 ਦੇ ਰੂਲ-5 ਅਧੀਨ ਛੋਟੀਆਂ ਸਜਾਵਾਂ ਵਿੱਚੋ ਕੋਈ ਸਜਾ ਦੇਣਾ ਸੰਭਵ ਨਹੀਂ ਹੈ। ਕਿਉਂਜੋ ਕੁਆਲਟੀ ਕੰਟਰੋਲ ਦੀ ਚੈਕਿੰਗ ਰਿਪੋਰਟ ਵਿੱਚ ਦਰਸਾਏ ਵਿੱਤੀ ਨੁਕਸਾਨ ਦੀ ਰਿਕਵਰੀ ਸਬੰਧਤ ਠੇਕੇਦਾਰ ਪਾਸੋਂ ਕੀਤੀ ਜਾ ਚੁੱਕੀ ਹੈ, ਇਸ ਲਈ ਇਨ੍ਹਾਂ ਰਿਟਾਇਰਡ ਅਧਿਕਾਰੀਆਂ ਦਾ ਕੇਸ ਹਮਦਰਦੀ ਨਾਲ ਵਿਚਾਰਦੇ ਹੋਏ ਉਨ੍ਹਾਂ ਨੂੰ ਜਾਰੀ ਕੀਤੀਆਂ ਦੋਸ਼ ਸੂਚੀਆਂ ਨੂੰ ਦਾਖਲ ਦਫ਼ਤਰ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਮੌਜੂਦਾ ਕੰਮ ਕਰਦੇ ਬਾਕੀ 03 ਅਧਿਕਾਰੀਆਂ/ਕਰਮਚਾਰੀਆਂ ਸ੍ਰੀ ਹਰਜੋਤ ਸਿੰਘ, ਕਾਰਜਕਾਰੀ ਇੰਜੀਨੀਅਰ, ਸ੍ਰੀ ਕੰਵਲਜੀਤ ਸਿੰਘ, ਜੂਨੀਅਰ ਇੰਜੀਨੀਅਰ (ਸਾਈਟ) ਅਤੇ ਸ੍ਰੀ ਕੰਵਲਜਿੰਦਰ ਸਿੰਘ, ਜੂਨੀਅਰ ਇੰਜੀਨੀਅਰ (ਪਲਾਂਟ) ਨੂੰ ਭਵਿੱਖ ਵਿੱਚ ਸੁਚੇਤ ਰਹਿਣ ਦੀ ਤਾੜਨਾ ਕਰਦੇ ਹੋਏ ਉਨ੍ਹਾਂ ਨੂੰ ਜਾਰੀ ਦੋਸ਼ ਸੂਚੀਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ।

4. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ/ਹੁਕਮਾਂ ਦੇ ਸਨਮੁੱਖ ਜਾਰੀ ਕੀਤੇ ਜਾਂਦੇ ਹਨ।

ਮਿਤੀ, ਚੰਡੀਗੜ੍ਹ,
੧੧ , ਜੂਨ, 2024

**ਪ੍ਰਿਯਾਂਕ ਭਾਰਤੀ, ਆਈ.ਏ.ਐਸ**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

ਪਿ.ਅੰ.ਨੰ:PWD-BR1010/22/2024-2BR1/864826/1-4 ਮਿਤੀ, ਚੰਡੀਗੜ੍ਹ, ੨੫.੦੬.੨੦੨੫
ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ, ਲੋ:ਨਿ:ਵਿ:(ਭ ਤੇ ਮ), ਪਟਿਆਲਾ।
2. ਮੁੱਖ ਇੰਜੀਨੀਅਰ (ਕੁਆਲਿਟੀ ਕੰਟਰੋਲ), ਲੋ:ਨਿ:ਵਿ:(ਭ ਤੇ ਮ), ਮੋਹਾਲੀ।
3. ਮੁੱਖ ਇੰਜੀਨੀਅਰ (ਪੀ.ਆਰ.ਬੀ.ਡੀ.ਬੀ.), ਲੋ:ਨਿ:ਵਿ:(ਭ ਤੇ ਮ), ਮੋਹਾਲੀ।
4. ਸਬੰਧਤ ਅਧਿਕਾਰੀ/ਕਰਮਚਾਰੀ (ਮਾਰਫਤ ਮੁੱਖ ਇੰਜੀਨੀਅਰ (ਹੈੱ.ਕੁ.), ਲੋ:ਨਿ:ਵਿ:(ਭ ਤੇ ਮ) ਪਟਿਆਲਾ)।

ਸੁਪਰੰਡਟ